**Human Early Learning Partnership (HELP)**
*University of British Columbia*
440-2206 East Mall Vancouver
BC Canada V6T 1Z3
www.earlylearning.ubc.ca

## ਮੱਧ ਬਚਪਨ ਨੂੰ ਸਮਝਣਾ: Middle Years Development Instrument (MDI)

### ਮਾਤਾ/ਪਿਤਾ/ਨਿਗਰਾਨ ਵਲੋਂ ਸੂਚਿਤ ਨਿਸ਼ਕ੍ਰਿਆ ਸਹਿਮਤੀ ਪੱਤਰ (Parent/Guardian Informed Passive Consent Letter)

**ਮੁੱਖ ਪੜਤਾਲ ਕਰਤਾ:**
Eva Oberle, Ph.D., ਅਸਿਸਟੈਂਟ ਪ੍ਰੋਫੈਸਰ Human Early Learning Partnership, ਸਕੂਲ ਆਫ ਪਾਪੂਲੇਸ਼ਨ ਐਂਡ ਪਬਲਿਕ ਹੈਲਥ, UBC, eva.oberle@ubc.ca, 604-827-4465
**ਸਹਿ-ਪੜਤਾਲ ਕਰਤਾ** – UBC's Human Early Learning Partnership, ***ਸਕੂਲ ਆਫ ਪਾਪੂਲੇਸ਼ਨ ਐਂਡ ਪਬਲਿਕ ਹੈਲਥ*** ਵਿਖੇ:
Kimberly Schonert-Reichl, ਪ੍ਰੋਫੈਸਰ
Magdalena Janus, ਐਫਿਲਿਏਟ ਐਸੋਸੀਏਟ ਪ੍ਰੋਫੈਸਰ
Martin Guhn, ਅਸਿਸਟੈਂਟ ਪ੍ਰੋਫੈਸਰ
Anne Gadermann, ਅਸਿਸਟੈਂਟ ਪ੍ਰੋਫੈਸਰ

**ਪ੍ਰੋਜੈਕਟ ਲਈ ਸੰਪਰਕ ਵਿਅਕਤੀ:**
Marit Gilbert, MDI ਤਾਮੀਲ ਪ੍ਰਮੁੱਖ, Human Early Learning Partnership, UBC, mdi@help.ubc.ca, 604-827-5504
Local School Board Contact (listed below)

**ਸੰਖੇਪ ਵੇਰਵਾ**

- ਤੁਹਾਡੇ ਸਕੂਲ ਵਿੱਚ ਇੱਕ ਸਰਵੇਖਣ ਹੋਵੇਗਾ ਅਤੇ ਵਿਦਿਆਰਥੀਆਂ ਕੋਲੋਂ ਉਹਨਾਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ ਅਤੇ ਖੈਰੀਅਤ ਬਾਰੇ ਸਵਾਲ ਪੁੱਛੇ ਜਾਣਗੇ।
- ਜੇ ਤੁਸੀਂ ਸਪਸ਼ਟ ਤੌਰ 'ਤੇ ਆਪਣੇ ਬੱਚੇ ਨੂੰ ਇਸ ਸਰਵੇਖਣ ਤੋਂ ਬਾਹਰ ਰੱਖਣ ਲਈ ਬੇਨਤੀ ਨਹੀਂ ਭੇਜਦੇ, ਤਾਂ ਤੁਹਾਡੇ ਬੱਚੇ ਨੂੰ ਇਸ ਸਰਵੇਖਣ ਨੂੰ ਪੂਰਾ ਕਰਨ ਲਈ ਆਖਿਆ ਜਾਵੇਗਾ।
- ਤੁਹਾਡੇ ਬੱਚੇ ਨੂੰ ਦੱਸਿਆ ਜਾਏਗਾ ਕਿ ਜੇ ਉਹ ਚਾਹੇ ਤਾਂ ਸਰਵੇਖਣ ਨੂੰ ਪੂਰਾ ਕਰ ਸਕਦਾ ਹੈ, ਕੋਈ ਸਵਾਲ ਛੱਡ ਸਕਦਾ ਹੈ ਅਤੇ ਕਿਸੇ ਵੀ ਸਮੇਂ ਸਰਵੇਖਣ ਛੱਡ ਕੇ ਜਾ ਸਕਦਾ ਹੈ।

ਤੁਹਾਡਾ ਸਕੂਲ ਅਤੇ University of British Columbia (UBC) ਦਾ Human Early Learning Partnership (HELP) ਤੁਹਾਡੇ ਬੱਚੇ ਨੂੰ Middle Years Development Instrument (MDI) ਨੂੰ ਪੂਰਾ ਕਰਨ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦੇ ਹਨ, ਜੋ ਇੱਕ ਸਰਵੇਖਣ ਹੈ ਜਿਸਦਾ ਉਦੇਸ਼ 9 ਤੋਂ 13 ਸਾਲ ਦੀ ਉਮਰ ਦੇ ਬੱਚਿਆਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ ਅਤੇ ਖੈਰੀਅਤ ਦਾ ਪਤਾ ਲਗਾਉਣਾ ਹੈ। ਗ੍ਰੇਡ 5 ਤੋਂ 8 ਦੇ ਵਿਦਿਆਰਥੀ ਇਸ MDI ਨੂੰ ਜਨਵਰੀ-ਫਰਵਰੀ ਵਿੱਚ ਭਰਨਗੇ। MDI ਨੂੰ ਸਕੂਲ ਸਟਾਫ ਦੀ ਨਿਗਰਾਨੀ ਹੇਠ ਔਨਲਾਈਨ ਭਰਨਾ ਹੋਵੇਗਾ ਅਤੇ ਇਸ ਨੂੰ ਭਰਨ ਵਿੱਚ ਵਿਦਿਆਰਥੀਆਂ ਨੂੰ 45-90 ਮਿੰਟ ਲੱਗਣਗੇ। MDI ਪ੍ਰੋਜੈਕਟ ਦੀ ਸਰਪ੍ਰਸਤੀ ਤੁਹਾਡਾ ਸਕੂਲ ਜਾਂ ਸਕੂਲ ਬੋਰਡ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਕਰਨਗੇ।

## ਇਸ ਪ੍ਰੋਜੈਕਟ ਦਾ ਉਦੇਸ਼ ਕੀ ਹੈ?

ਇਸ ਪ੍ਰੋਜੈਕਟ ਦਾ ਉਦੇਸ਼ ਜਾਣਕਾਰੀ ਪ੍ਰਾਪਤ ਕਰਕੇ ਬੱਚਿਆਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ ਅਤੇ ਤੰਦਰੁਸਤੀ ਦੇ ਉਹਨਾਂ ਪੱਖਾਂ ਨੂੰ ਬਿਹਤਰ ਸਮਝਣਾ ਹੈ ਜੋ ਸਮੁੱਚੇ ਤੌਰ 'ਤੇ ਸਕੂਲ ਅਤੇ ਜੀਵਨ ਵਿੱਚ ਉਹਨਾਂ ਦੀ ਕਾਮਯਾਬੀ ਵਿੱਚ ਯੋਗਦਾਨ ਕਰਦੇ ਹਨ। MDI ਇਹਨਾਂ ਬੱਚਿਆਂ ਨੂੰ ਉਹ ਆਵਾਜ਼ ਦਿੰਦਾ ਹੈ ਜਿਸ ਰਾਹੀਂ ਉਹ ਆਪਣੇ ਸਕੂਲ, ਘਰ ਅਤੇ ਭਾਈਚਾਰੇ ਵਿਚਲੇ ਆਪਣੇ ਤਜਰਬਿਆਂ, ਵਿਚਾਰਾਂ ਅਤੇ ਭਾਵਨਾਵਾਂ ਨੂੰ ਸਾਂਝਾ ਕਰਦੇ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਉਹ ਆਪਣਾ ਸਮਾਂ ਕਿਵੇਂ ਬਿਤਾਉਂਦੇ ਹਨ। MDI ਪ੍ਰੋਜੈਕਟ ਵਿੱਚ ਤੁਹਾਡੇ ਸਕੂਲ ਬੋਰਡ ਦੇ ਸਿੱਖਿਅਕ ਹਿੱਸਾ ਲੈ ਰਹੇ ਹਨ ਕਿਉਂਕਿ ਉਹ ਆਪਣੇ ਵਿਦਿਆਰਥੀਆਂ ਦੀ ਸਿਹਤ ਅਤੇ ਖੈਰੀਅਤ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਉਹਨਾਂ ਤਰੀਕਿਆਂ ਦੀ ਪਛਾਣ ਕਰਨਾ ਚਾਹੁੰਦੇ ਹਨ ਜਿਨ੍ਹਾਂ ਰਾਹੀਂ ਸਕੂਲਾਂ ਅਤੇ ਭਾਈਚਾਰਿਆਂ ਵਿੱਚ ਬੱਚਿਆਂ ਦੀ ਸਿਹਤ ਅਤੇ ਕਾਮਯਾਬੀ ਨੂੰ ਹੋਰ ਵਧਾਵਾ ਦਿੱਤਾ ਜਾ ਸਕੇ। ਉਹ ਇਸ ਜਾਣਕਾਰੀ ਦੀ ਵਰਤੋਂ ਸਾਰੇ ਵਿਦਿਆਰਥੀਆਂ ਲਈ ਸਿੱਖਿਆ, ਸਹਾਇਤਾ ਅਤੇ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਕਰ ਸਕਦੇ ਹਨ। ਸਰਵੇਖਣ ਦੇ ਸਵਾਲ ਸਿੱਖਿਆ ਮੰਤਰਾਲੇ ਦੇ K-12 ਪਾਠਕ੍ਰਮ ਦੇ ਮੁਤਾਬਕ ਵੀ ਹਨ ਜਿਸ ਵਿੱਚ ਬੱਚਿਆਂ ਦੀਆਂ ਨਿੱਜੀ ਅਤੇ ਸਮਾਜਕ ਮਹਾਰਤਾਂ ਨੂੰ ਵਧਾਉਣਾ ਵੀ ਸ਼ਾਮਲ ਹੈ।
ਇਸ MDI ਨੂੰ UBC ਵਿਖੇ ਸਿੱਖਿਅਕਾਂ, ਕਮਿਊਨਿਟੀ ਦੇ ਮੈਂਬਰਾਂ, ਮਾਪਿਆਂ ਅਤੇ ਵਿਦਿਆਰਥੀਆਂ ਦੇ ਨਾਲ ਮਿਲ ਕੇ ਤਿਆਰ ਕੀਤਾ ਗਿਆ ਹੈ ਅਤੇ 2009 ਤੋਂ ਇਸ ਨੂੰ ਕੈਨੇਡਾ ਦੇ ਸਕੂਲਾਂ ਵਿੱਚ ਦਿੱਤਾ ਜਾ ਰਿਹਾ ਹੈ। ਇਸ MDI ਦੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਅਤੇ ਸਰਵੇਖਣ ਦੇ ਸਵਾਲ ਦੇਖਣ ਲਈ ਕਿਰਪਾ ਕਰਕੇ www.earlylearning.ubc.ca/mdi 'ਤੇ ਜਾਓ।

ਬੱਚਿਆਂ ਦੀ ਸਿਹਤ ਅਤੇ ਖੈਰੀਅਤ ਉੱਪਰ ਧਿਆਨ ਕੇਂਦਰਤ ਕਰਨ ਦਾ ਅੱਜ ਸਭ ਤੋਂ ਢੁੱਕਵਾਂ ਸਮਾਂ ਹੈ। ਕੋਵਿਡ-19 ਕਾਰਨ ਪੈਦਾ ਹੋਇਆ ਤਣਾਅ ਅਤੇ ਵਿਘਨ ਗੰਭੀਰ ਚਿੰਤਾ ਦਾ ਵਿਸ਼ਾ ਹਨ। ਸਾਰੇ ਬੱਚਿਆਂ ਅਤੇ ਪਰਿਵਾਰਾਂ ਨੂੰ ਚੁਣੌਤੀਆਂ ਦਾ ਸਾਮ੍ਹਣਾ ਕਰਨ ਦਾ ਖਤਰਾ ਅੱਜ ਜ਼ਿਆਦਾ ਹੈ। MDI ਡੈਟਾ ਸਾਨੂੰ ਖੁਦ ਬੱਚਿਆਂ ਕੋਲੋਂ, ਉਹਨਾਂ ਵੱਲੋਂ ਸੂਚਿਤ ਆਪਣੀ ਖੈਰੀਅਤ ਅਤੇ ਜੀਵਨ ਦੀਆਂ ਵਿਸ਼ੇਸ਼ਤਾਵਾਂ ਦਾ ਪਤਾ ਲਾਉਣ ਦਾ ਮੌਕਾ ਦਿੰਦਾ ਹੈ ਅਤੇ ਇਹ ਡੈਟਾ ਅੱਜ, ਜਦ ਉਹ ਇੱਕ ਅਣਡਿੱਠੇ ਸਮੇਂ ਵਿਚੋਂ ਲੰਘ ਰਹੇ ਹਨ, ਉਹਨਾਂ ਵਾਸਤੇ ਬਹੁਮੁੱਲਾ ਹੋਵੇਗਾ।

## ਭਾਗ ਲੈਣਾ ਸਵੈ-ਇੱਛੁਕ ਹੈ ਅਤੇ ਸਹਿਮਤੀ ਨਿਸ਼ਕ੍ਰਿਅ ਹੈ

MDI ਪੂਰੀ ਤਰ੍ਹਾਂ ਸਵੈ-ਇੱਛੁਕ ਹੈ। ਇਸ ਨੂੰ ਪੂਰਾ ਕਰਨ ਨਾਲ ਕੋਈ ਸਰੀਰਕ ਜੋਖਮ ਨਹੀਂ ਹੈ ਅਤੇ ਤੁਹਾਡਾ ਬੱਚਾ ਇਹ ਫੈਸਲਾ ਕਰ ਸਕਦਾ ਹੈ ਕਿ ਉਹ ਸਰਵੇਖਣ ਪੂਰਾ ਕਰਨਾ ਚਾਹੁੰਦਾ ਹੈ ਜਾਂ ਨਹੀਂ। ਤੁਹਾਡਾ ਬੱਚਾ ਕੋਈ ਵੀ ਸਵਾਲ ਛੱਡ ਸਕਦਾ ਹੈ ਜਾਂ ਕਿਸੇ ਵੀ ਸਮੇਂ ਜਵਾਬ ਦੇਣਾ ਛੱਡ ਕੇ ਜਾ ਸਕਦਾ ਹੈ। ਇਸ ਔਨਲਾਈਨ ਸਰਵੇਖਣ ਦੇ ਹਰ ਸਫ਼ੇ ਦੇ ਹੇਠਲੇ ਭਾਗ ਵਿੱਚ ਮੌਜੂਦ ਸਰਵੇਖਣ ਛੱਡਣ ਵਾਲੇ ਬਟਨ ਨੂੰ ਕਿਸੇ ਵੀ ਸਮੇਂ ਕਲਿਕ ਕਰਕੇ ਤੁਹਾਡਾ ਬੱਚਾ ਇਸ ਨੂੰ ਛੱਡ ਕੇ ਜਾ ਸਕਦਾ ਹੈ।

ਸਰਵੇਖਣ ਵਿੱਚ ਭਾਗ ਲੈਣ ਜਾਂ ਨਾ ਲੈਣ ਨਾਲ ਤੁਹਾਡੇ ਬੱਚੇ ਦੇ ਗ੍ਰੇਡਾਂ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਦਾ ਸਕੂਲ ਵੱਲੋਂ ਜਾਂ ਸਕੂਲ ਬੋਰਡ ਵੱਲੋਂ ਤੁਹਾਡੇ ਪਰਿਵਾਰ ਨੂੰ ਮਿਲਣ ਵਾਲੀ ਕਿਸੇ ਸੇਵਾ ਦੇ ਉੱਪਰ ਕੋਈ ਅਸਰ ਨਹੀਂ ਪਵੇਗਾ।

**ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ MDI ਨੂੰ ਭਰੇ ਤਾਂ ਕਿਰਪਾ ਕਰਕੇ ਇਸ ਚਿੱਠੀ ਨੂੰ ਮਿਲਣ ਦੇ 4 ਹਫਤਿਆਂ ਦੇ ਅੰਦਰ ਇਸ ਨਾਲ ਨੱਥੀ ਫਾਰਮ ਨੂੰ ਭਰ ਕੇ ਆਪਣੇ ਬੱਚੇ ਦੇ ਟੀਚਰ ਜਾਂ ਪ੍ਰਿੰਸੀਪਲ ਕੋਲ ਪਹੁੰਚਾ ਦਿਓ।** ਆਪਣੇ ਬੱਚੇ ਨੂੰ ਇਸ ਸਰਵੇਖਣ ਤੋਂ ਬਾਹਰ ਰੱਖਣ ਲਈ ਤੁਸੀਂ MDI ਦੀ ਪ੍ਰੋਜੈਕਟ ਟੀਮ ਨੂੰ ਵੀ mdi@help.ubc.ca '**ਤੇ** ਈਮੇਲ ਭੇਜ ਸਕਦੇ ਹੋ। ਸਰਵੇਖਣ ਵਿੱਚ ਹਿੱਸਾ ਨਾ ਲੈਣ ਵਾਲੇ ਬੱਚੇ ਉਸ ਦਿਨ ਆਪਣੇ ਸਕੂਲ ਦੇ ਰੋਜ਼ਾਨਾ ਦੇ ਕਾਰਜਕ੍ਰਮ ਨਾਲ ਜੁੜਿਆ ਕੋਈ ਕੰਮ ਕਰਨਗੇ। ਇਸ ਬਾਰੇ ਹੋਰ ਜਾਣਕਾਰੀ ਲਈ ਕਿ MDI ਪ੍ਰੋਜੈਕਟ ਲਈ ਅਸੀਂ ਇਸ ਤਰ੍ਹਾਂ ਦੀ ਸਹਿਮਤੀ (ਨਿਸ਼ਕ੍ਰਿਅ ਸਹਿਮਤੀ ਜਾਂ ਛੱਡਣ ਦੀ ਚੋਣ) ਦੀ ਵਰਤੋਂ ਕਿਉਂ ਕਰਦੇ ਹਾਂ, ਕਿਰਪਾ ਕਰਕੇ ਸਾਡੀ ਵੈਬਸਾਈਟ ਦੇਖੋ: http://earlylearning.ubc.ca/mdi/parent-guardian-resources/ .

## ਕੀ ਹੋਵੇਗਾ?

ਸਰਵੇਖਣ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਬੱਚੇ ਦੀ ਟੀਚਰ ਜਾਂ ਸਕੂਲ ਦਾ ਸਟਾਫ ਵਿਦਿਆਰਥੀਆਂ ਨੂੰ ਸਮਝਾਉਣਗੇ ਕਿ ਉਹਨਾਂ ਕੋਲੋਂ ਸਕੂਲ ਦੇ ਅੰਦਰ ਅਤੇ ਬਾਹਰ ਦੇ ਉਹਨਾਂ ਦੇ ਜੀਵਨ ਬਾਰੇ ਸਵਾਲ ਪੁੱਛੇ ਜਾਣਗੇ, ਕਿ MDI ਕੋਈ ਟੈਸਟ ਨਹੀਂ ਹੈ, ਇਸ ਵਿੱਚ ਕੋਈ ਸਹੀ ਜਾਂ ਗਲਤ ਜਵਾਬ ਨਹੀਂ ਹਨ, ਅਤੇ ਉਹ ਕਿਸੇ ਵੀ ਸਮੇਂ ਜਵਾਬ ਦੇਣਾ ਛੱਡ ਸਕਦੇ ਹਨ। ਕਿਉਂਕਿ ਕਈ ਸਵਾਲ ਬੱਚਿਆਂ ਦੀ ਭਾਵਨਾਵਾਂ ਅਤੇ ਰਿਸ਼ਤਿਆਂ ਦੇ ਬਾਰੇ ਪੁੱਛਦੇ ਹਨ, ਸਰਵੇਖਣ ਵਿੱਚ ਇੱਕ ਅਜਿਹੀ ਥਾਂ ਹੈ ਜਿਥੇ ਤੁਹਾਡਾ ਬੱਚਾ ਉਸ ਨੂੰ ਹੋ ਰਹੀ ਕਿਸੇ ਵੀ ਕਠਿਨਾਈ ਦੇ ਲਈ ਮਦਦ ਮੰਗ ਸਕਦਾ ਹੈ। ਜੇ ਤੁਹਾਡਾ ਬੱਚਾ ਮਦਦ ਮੰਗਦਾ ਹੈ ਤਾਂ ਟੀਚਰ ਅਤੇ ਪ੍ਰਿੰਸੀਪਲ ਨੂੰ ਈਮੇਲ ਭੇਜੀ ਜਾਏਗੀ ਅਤੇ ਉਹ ਸਕੂਲ ਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰਦੇ ਹੋਏ ਇਹ ਸੁਨਿਸ਼ਚਿਤ ਕਰਨਗੇ ਕਿ ਤੁਹਾਡੇ ਬੱਚੇ ਨੂੰ ਮਦਦ ਮਿਲੇ।

## ਮੇਰੇ ਬੱਚੇ ਦੀ ਨਿੱਜਤਾ ਦੀ ਸੁਰੱਖਿਆ ਕਿਵੇਂ ਹੋਵੇਗੀ?

ਸਰਵੇਖਣ ਦੇ ਸਵਾਲਾਂ ਲਈ ਤੁਹਾਡੇ ਬੱਚੇ ਦੇ ਜਵਾਬ **ਨਿੱਜੀ ਅਤੇ ਗੁਪਤ** (ਕਿਸੇ ਨੂੰ ਇਹਨਾਂ ਜਵਾਬਾਂ ਦਾ ਪਤਾ ਨਹੀਂ ਚਲੇਗਾ) ਹਨ। ਤੁਹਾਡੇ ਬੱਚੇ ਦੇ ਜਵਾਬ ਤੁਹਾਡੇ ਲਈ, ਤੁਹਾਡੇ ਸਕੂਲ ਜਾਂ ਸਕੂਲ ਬੋਰਡ ਲਈ ਉਪਲਬਧ ਨਹੀਂ ਹਨ। ਇਸ ਪ੍ਰੋਜੈਕਟ ਤੋਂ ਕੋਈ ਵੀ ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਰਿਕਾਰਡ ਵਿੱਚ ਨਹੀਂ ਜੋੜੀ ਜਾਏਗੀ। ਜੇ MDI ਵਾਲੀ ਜਾਣਕਾਰੀ ਦੀ ਵਰਤੋਂ ਖੋਜ ਪ੍ਰਕਾਸ਼ਨਾਂ ਜਾਂ ਜਨਤਕ ਦਸਤਾਵੇਜ਼ਾਂ ਲਈ ਕੀਤੀ ਜਾਂਦੀ ਹੈ ਤਾਂ ਉਸ ਵਿੱਚ ਤੁਹਾਡੇ ਬੱਚੇ ਦੀ ਜਾਂ ਤੁਹਾਡੇ ਬੱਚੇ ਦੇ ਸਕੂਲ ਦੀ ਪਛਾਣ ਨਹੀਂ ਕੀਤੀ ਜਾਏਗੀ।

MDI ਦੇ ਵਿੱਚ ਹਿੱਸਾ ਲੈਣ ਦੇ ਲਈ, ਤੁਹਾਡਾ ਸਕੂਲ ਬੋਰਡ UBC ਵਿਖੇ HELP ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ ਜਿਸ ਵਿੱਚ ਤੁਹਾਡੇ ਬੱਚੇ ਦਾ ਨਾਂ, Personal Education Number (PEN), ਜਨਮ ਦੀ ਮਿਤੀ, ਲਿੰਗ ਸਬੰਧੀ ਜਾਣਕਾਰੀ ਅਤੇ ਡਾਕ ਕੋਡ ਸ਼ਾਮਲ ਹੁੰਦੇ ਹਨ। ਤੁਹਾਡੇ ਬੱਚੇ ਦੇ ਨਾਂ ਦੀ ਵਰਤੋਂ ਸਿਰਫ਼ ਇਸ ਲਈ ਹੁੰਦੀ ਹੈ ਤਾਂ ਜੋ ਤੁਹਾਡਾ ਬੱਚਾ ਸਰਵੇਖਣ ਲਈ ਲੌਗ-ਇਨ ਕਰ ਸਕੇ। ਸਰਵੇਖਣ ਪੂਰਾ ਹੋਣ ਦੇ ਬਾਅਦ ਬੱਚੇ ਦੇ ਨਾਂ ਨੂੰ ਸਰਵੇਖਣ ਦੇ ਜਵਾਬਾਂ ਤੋਂ ਵੱਖ ਕਰ ਦਿੱਤਾ ਜਾਂਦਾ ਹੈ।

## MDI ਡੈਟਾ ਨੂੰ ਕਿਵੇਂ ਵਰਤਿਆ ਅਤੇ ਸਟੋਰ ਕੀਤਾ ਜਾਏਗਾ?

MDI ਪ੍ਰੋਜੈਕਟ ਦੇ ਸਾਰੇ ਡੈਟਾ ਨੂੰ ਸੁਰੱਖਿਅਤ ਰੱਖਣ ਲਈ HELP ਜ਼ਿੰਮੇਵਾਰ ਹੈ। ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ, ਜਿਵੇਂ ਉਸ ਦੀ ਜਨਮ ਮਿਤੀ, Personal Education Number (PEN) ਅਤੇ ਡਾਕ ਕੋਡ ਨੂੰ ਸਰਵੇਖਣ ਵਿੱਚ ਤੁਹਾਡੇ ਬੱਚੇ ਵਲੋਂ ਦਿੱਤੇ ਗਏ ਜਵਾਬਾਂ ਤੋਂ ਵੱਖ ਰੱਖਿਆ ਜਾਂਦਾ ਹੈ। ਇਸ ਦਾ ਉਦੇਸ਼ ਤੁਹਾਡੇ ਬੱਚੇ ਦੀ ਨਿੱਜਤਾ ਦੀ ਸੁਰੱਖਿਆ ਕਰਨਾ ਹੈ। ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ ਨੂੰ UBC ਦੇ ਖੋਜ ਵਾਲੇ ਸੁਰੱਖਿਅਤ ਵਾਤਾਵਰਨ ਵਿੱਚ ਰੱਖਿਆ ਜਾਂਦਾ ਹੈ ਅਤੇ ਇਸਦੀ ਵਰਤੋਂ ਸਿਰਫ਼ ਮਨਜ਼ੂਰ ਸ਼ੁਦਾ ਲਿੰਕ ਅਤੇ **ਫੈਡਰਲ, ਪ੍ਰਾਂਤ/ਸੂਬਾਈ ਨਿੱਜਤਾ ਕਾਨੂੰਨਾਂ ਦੇ ਅੰਤਰਗਤ** ਖੋਜ ਅਧਿਐਨਾਂ ਲਈ ਕੀਤੀ ਜਾਂਦੀ ਹੈ। ਖੋਜ ਜਾਂ ਅੰਕੜਿਆਂ ਸੰਬੰਧੀ ਉਦੇਸ਼ਾਂ ਲਈ MDI ਡੈਟਾ ਦੀ ਵਰਤੋਂ ਕਰਨ ਵਾਲੇ ਖੋਜ ਕਰਤਾਵਾਂ ਨੂੰ ਸਿਰਫ ਉਹੀ ਡੈਟਾ ਦਿੱਤਾ ਜਾਏਗਾ ਜਿਸਨੂੰ ਕਿਸੇ ਖਾਸ ਵਿਦਿਆਰਥੀ ਨਾਲ ਨਾ ਜੋੜਿਆ ਜਾ ਸਕੇ।

ਉਹਨਾਂ ਕਾਰਕਾਂ ਦਾ ਪਤਾ ਲਗਾਉਣ ਲਈ ਜੋ ਬੱਚਿਆਂ ਦੀ ਖੈਰੀਅਤ, ਸਿਹਤ ਅਤੇ ਸਕੂਲ ਵਿੱਚ ਕਾਮਯਾਬੀ ਉੱਪਰ ਅਸਰ ਪਾਂਦੇ ਹਨ, ਅਧਿਐਨ ਤੋਂ ਪ੍ਰਾਪਤ ਹੋਏ ਡੈਟਾ ਨੂੰ ਵਿਅਕਤੀਗਤ ਪੱਧਰ 'ਤੇ ਦੂਜੇ ਡੈਟਾ ਨਾਲ ਜੋੜਿਆ ਜਾ ਸਕਦਾ ਹੈ। ਦੂਜੇ ਡੈਟਾ ਵਿੱਚ ਸਿੱਖਿਆ ਅਤੇ ਸਿਹਤ ਸਬੰਧੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਲਿੰਕ ਕੀਤੇ ਹੋਏ ਡੈਟਾ ਦੀ **ਵਰਤੋਂ *ਸਿਰਫ* HELP ਵਲੋਂ ਮਨਜ਼ੂਰਸ਼ੁਦਾ ਖੋਜਕਰਤਾਵਾਂ ਦੁਆਰਾ, ਕਿਸੇ ਮਨਜ਼ੂਰਸ਼ੁਦਾ ਖੋਜ ਇਕਰਾਰਨਾਮੇ ਦੇ ਅੰਤਰਗਤ, ਸਿਰਫ ਖੋਜ ਅਤੇ ਅੰਕੜਿਆਂ ਸਬੰਧੀ ਉਦੇਸ਼ਾਂ ਲਈ ਕੀਤੀ ਜਾ ਸਕਦੀ ਹੈ।** ਹੋਰ ਜਾਣਕਾਰੀ ਇਥੇ ਮਿਲ ਸਕਦੀ ਹੈ: http://earlylearning.ubc.ca/safeguarding-personal-information/

ਤੁਹਾਡੇ ਬੱਚੇ ਦੇ ਸਰਵੇਖਣ ਡੈਟਾ ਦੀ ਨਿੱਜਤਾ ਬਾਰੇ ਜੇ ਤੁਹਾਨੂੰ ਕੋਈ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ HELP ਦੇ ਪ੍ਰਾਇਵੇਸੀ ਅਫਸਰ ਨਾਲ privacy@help.ubc.ca 'ਤੇ ਸੰਪਰਕ ਕਰੋ।

## ਪ੍ਰੋਜੈਕਟ ਦੇ ਨਤੀਜੇ

ਤੁਹਾਡੇ ਬੱਚੇ ਦੇ ਜਵਾਬਾਂ ਨੂੰ ਤੁਹਾਡੇ ਬੱਚੇ ਦੇ ਸਕੂਲ ਅਤੇ ਕਮਿਊਨਿਟੀ ਦੇ ਦੂਜੇ ਵਿਦਿਆਰਥੀਆਂ ਦੇ ਜਵਾਬਾਂ ਦੇ ਨਾਲ ਮਿਲਾ ਦਿੱਤਾ ਜਾਏਗਾ। ਪ੍ਰੋਜੈਕਟ ਦੇ ਨਤੀਜਿਆਂ ਦੀ ਸੂਚਨਾ ਸਕੂਲ ਜਾਂ ਸਕੂਲ ਬੋਰਡ, ਨੇਬਰਹੁੱਡ ਅਤੇ ਪ੍ਰਾਂਤ ਦੇ ਪੱਧਰ 'ਤੇ ਦਿੱਤੀ ਜਾਂਦੀ ਹੈ। ਇਹਨਾਂ ਨੂੰ ਸਰਬਜਨਕ ਨਹੀਂ ਕੀਤਾ ਜਾਂਦਾ। MDI ਦੇ ਨਤੀਜਿਆਂ ਦੀ ਵਰਤੋਂ ਸਕੂਲਾਂ, ਵਿਦਿਆਰਥੀਆਂ ਜਾਂ ਕਲਾਸਾਂ ਦੀ ਕਿਸੇ ਤਰ੍ਹਾਂ ਦੀ ਦਰਜੇਬੰਦੀ ਲਈ ਨਹੀਂ ਕੀਤੀ ਜਾਵੇਗੀ। ਸਰਵੇਖਣ ਦੇ ਨਤੀਜਿਆਂ ਦੀਆਂ ਸਰਬਜਨਕ ਕਮਿਊਨਿਟੀ ਰਿਪੋਰਟਾਂ ਅਤੇ ਨੇਬਰਹੁੱਡ ਨਕਸ਼ੇ HELP ਵਲੋਂ ਮੁਹੱਈਆ ਕੀਤੇ ਜਾਣਗੇ www.earlylearning.ubc.ca/maps/mdi.

.

HELP ਦੀ Aboriginal Steering Committee ਨੇ ਮੂਲ ਵਾਸੀ ਬੱਚਿਆਂ ਲਈ ਡੈਟਾ ਦੀ ਸੂਚਨਾ ਕਰਨ ਬਾਰੇ ਇੱਕ ਪ੍ਰੋਟੋਕੋਲ ਬਣਾਇਆ ਹੈ। ਇਹ ਪ੍ਰੋਟੋਕੋਲ ਯਕੀਨੀ ਬਣਾਉਂਦਾ ਹੈ ਕਿ ਇਸ ਡੈਟਾ ਦੀ ਵਰਤੋਂ ਮੂਲ ਵਾਸੀਆਂ ਦੇ ਸਵੈ-ਨਿਰਧਾਰਣ ਵਿੱਚ ਸਹਾਇਤਾ ਕਰਨ ਲਈ ਇਥੋਂ ਦੇ ਬੱਚਿਆਂ ਦੇ ਵਿਕਾਸ ਦੇ ਪਰਿਣਾਮਾਂ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਏ। HELP ਕਦੇ ਵੀ ਮੂਲ ਵਾਸੀ MDI ਡੈਟਾ ਦੀਆਂ ਰਿਪੋਰਟਾਂ ਸਰਬਜਨਕ ਨਹੀਂ ਕਰਦਾ ਅਤੇ ਨਾ ਹੀ ਇਸਦੀ ਵਰਤੋਂ ਕਿਸੇ ਨਾਲ ਤੁਲਨਾ ਕਰਨ ਲਈ ਕਰਦਾ ਹੈ।

## ਤੁਹਾਡੇ ਸਕੂਲ ਜਾਂ ਕਮਿਊਨਿਟੀ ਨੂੰ ਇਸ ਨਾਲ ਕੀ ਲਾਭ ਹੋਵੇਗਾ?

ਹਾਲ ਵਿੱਚ ਹੀ ਕੀਤੀਆਂ ਗਈਆਂ ਖੋਜਾਂ ਦੱਸਦੀਆਂ ਹਨ ਕਿ ਬੱਚਿਆਂ ਦੀ ਤੰਦਰੁਸਤੀ ਦਾ ਅਸਰ ਸਕੂਲ ਅਤੇ ਜੀਵਨ ਦੀਆਂ ਕਾਮਯਾਬੀਆਂ ਦੇ ਉੱਪਰ ਪੈਂਦਾ ਹੈ। ਇਸ ਸਰਵੇਖਣ ਨੂੰ ਪੂਰਾ ਕਰਨ ਨਾਲ ਵਿਦਿਆਰਥੀਆਂ ਨੂੰ ਉਹਨਾਂ ਤਜਰਬਿਆਂ ਅਤੇ ਭਾਵਨਾਵਾਂ ਨੂੰ ਸਾਂਝਾ ਕਰਨ ਦਾ ਮੌਕਾ ਮਿਲਦਾ ਹੈ ਜਿਨ੍ਹਾਂ ਨੇ ਉਹਨਾਂ ਦੀ ਤੰਦਰੁਸਤੀ ਵਿੱਚ ਯੋਗਦਾਨ ਕੀਤਾ ਹੈ। MDI ਦੀਆਂ ਰਿਪੋਰਟਾਂ ਸਿੱਖਿਅਕਾਂ, ਪ੍ਰੋਗਰਾਮਾਂ ਦੀ ਯੋਜਨਾਬੰਦੀ ਕਰਨ ਵਾਲੇ ਲੋਕਾਂ, ਅਤੇ ਕਮਿਊਨਿਟੀ ਦੇ ਮੈਂਬਰਾਂ ਨੂੰ ਬੱਚਿਆਂ ਦੇ ਜੀਵਨ ਬਾਰੇ ਜਾਣਕਾਰੀ, ਬੱਚਿਆਂ ਦੀ ਜ਼ਬਾਨੀ ਦਿੰਦੀਆਂ ਹਨ। ਤੁਹਾਡਾ ਸਕੂਲ ਅਤੇ ਕਮਿਊਨਿਟੀ ਇਹਨਾਂ ਨਤੀਜਿਆਂ ਦੀ ਵਰਤੋਂ ਵਿਦਿਆਰਥੀਆਂ ਦੀ ਸਹਾਇਤਾ ਕਰਨ ਅਤੇ ਉਹਨਾਂ ਦੀ ਤੰਦਰੁਸਤੀ ਨੂੰ ਹੋਰ ਬਿਹਤਰ ਬਣਾਉਣ ਲਈ ਕਰ ਸਕਦੇ ਹਨ। ਜੇ ਤੁਸੀਂ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਕਿ ਬੱਚਿਆਂ ਦੀ ਸਹਾਇਤਾ ਕਰਨ ਲਈ ਕਮਿਊਨਿਟੀਆਂ ਅਤੇ ਸਕੂਲ MDI ਡੈਟਾ ਦੀ ਵਰਤੋਂ ਕਿਵੇਂ ਕਰਦੇ ਹਨ, ਤਾਂ ਕਿਰਪਾ ਕਰਕੇ ਸਾਡੀ ਵੈਬਸਾਈਟ 'ਤੇ ਜਾਓ: www.discovermdi.ca.

## ਪ੍ਰੋਜੈਕਟ ਦੇ ਬਾਰੇ ਮੈਨੂੰ ਹੋਰ ਜਾਣਕਾਰੀ ਕਿੱਥੇ ਮਿਲ ਸਕਦੀ ਹੈ?

ਹੋਰ ਜਾਣਕਾਰੀ ਲਈ ਕਿਰਪਾ ਕਰਕੇ HELP ਦੀ ਵੈਬਸਾਈਟ www.earlylearning.ubc.ca/mdi 'ਤੇ ਜਾਓ। ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਪ੍ਰੋਜੈਕਟ ਦੀ ਸੰਪਰਕ ਵਿਅਕਤੀ Marit Gilbert ਨਾਲ ਈਮੇਲ ਰਾਹੀਂ mdi@help.ubc.ca ਜਾਂ ਫ਼ੋਨ ਰਾਹੀਂ 604-827-5504 'ਤੇ ਸੰਪਰਕ ਕਰੋ। ਜਾਂ ਟੌਲ-ਫ੍ਰੀ 1-888-908-4050 'ਤੇ ਸੰਪਰਕ ਕਰੋ। ਤੁਸੀਂ ਮੁੱਖ ਪੜਤਾਲ ਕਰਤਾ ਨਾਲ ਹੇਠਾਂ ਦਿੱਤੇ ਨੰਬਰ 'ਤੇ ਜਾਂ ਈਮੇਲ ਪਤੇ 'ਤੇ ਵੀ ਸੰਪਰਕ ਕਰ ਸਕਦੇ ਹੋ। **ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ ਇਹ ਸਰਵੇਖਣ ਪੂਰਾ ਕਰੇ ਤਾਂ ਇਸ ਚਿੱਠੀ ਨਾਲ ਨੱਥੀ ਸਰਵੇਖਣ ਤੋਂ *ਬਾਹਰ ਰੱਖਣ ਦੇ ਫਾਰਮ* 'ਤੇ ਦਸਤਖਤ ਕਰਕੇ ਆਪਣੇ ਬੱਚੇ ਦੀ ਟੀਚਰ ਜਾਂ ਪ੍ਰਿੰਸੀਪਲ ਕੋਲ ਪਹੁੰਚਾ ਦਿਓ, ਜਾਂ ਸਾਨੂੰ ਇਸ ਪਤੇ 'ਤੇ ਈਮੇਲ ਕਰ ਦਿਓ**: **mdi@help.ubc.ca**.

## ਖੋਜ ਵਿੱਚ ਭਾਗੀਦਾਰ ਵਜੋਂ ਚਿੰਤਾਵਾਂ ਜਾਂ ਸ਼ਿਕਾਇਤਾਂ

ਜੇ ਤੁਹਾਨੂੰ ਇੱਕ ਖੋਜ ਵਿੱਚ ਭਾਗੀਦਾਰ ਵਜੋਂ ਤੁਹਾਡੇ/ਤੁਹਾਡੇ ਬੱਚੇ ਦੇ ਹੱਕਾਂ ਬਾਰੇ ਅਤੇ/ਜਾਂ ਇਸ ਅਧਿਐਨ ਵਿੱਚ ਹਿੱਸਾ ਲੈਣ ਦੌਰਾਨ ਹੋਏ ਕਿਸੇ ਤਜਰਬੇ ਬਾਰੇ ਕੋਈ ਚਿੰਤਾਵਾਂ ਜਾਂ ਸ਼ਿਕਾਇਤਾਂ ਹਨ ਤਾਂ ਕਿਰਪਾ ਕਰਕੇ UBC ਦੇ *ਖੋਜ ਨੈਤਿਕਤਾ ਦਫਤਰ* (Office of Research Ethics) ਦੀ *ਖੋਜ ਭਾਗੀਦਾਰ ਸ਼ਿਕਾਇਤ ਲਾਈਨ* ਨਾਲ 604-822-8598 'ਤੇ ਸੰਪਰਕ ਕਰੋ, ਜਾਂ ਜੇ ਦੂਰੀ ਜ਼ਿਆਦਾ ਹੈ ਤਾਂ RSIL@ors.ubc.ca ਵਿਖੇ ਈਮੇਲ ਕਰੋ ਜਾਂ ਟੌਲ-ਫ੍ਰੀ ਨੰਬਰ 1-877-822-8598 'ਤੇ ਕਾਲ ਕਰੋ।

ਸ਼ੁਭ ਚਿੰਤਕ,


Kat Hannah, ਸਕੂਲ ਬੋਰਡ MDI ਸੰਪਰਕ
Director of Instruction, Learning Support Services
ਟੈਲੀਫ਼ੋਨ: 604-504-0026 ext 1825
ਈਮੇਲ: Kat.Hannah@abbyschools.ca

Eva Oberle, Ph.D.
ਅਸਿਸਟੈਂਟ ਪ੍ਰੋਫੈਸਰ, Human Early Learning Partnership
University of British Columbia
ਟੈਲੀਫ਼ੋਨ: 604-827-4465
ਈਮੇਲ: eva.oberle@ubc.ca

✂-------------------------------------------------------------✂-------------------------------------------------------------✂

**ਜੇ ਤੁਸੀਂ ਆਪਣੇ ਬੱਚੇ ਨੂੰ ਸਰਵੇਖਣ ਤੋਂ ਬਾਹਰ ਰੱਖਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਸ ਭਾਗ ਨੂੰ ਭਰ ਕੇ ਆਪਣੇ ਬੱਚੇ ਦੇ ਟੀਚਰ ਕੋਲ ਪਹੁੰਚਾ ਦਿਓ।**

ਕਿਰਪਾ ਕਰਕੇ ਇਸ ਫਾਰਮ ਨੂੰ ਕਲਾਸਰੂਮ ਟੀਚਰ ਕੋਲ [ January 10, 2022 ] ਤੱਕ ਪਹੁੰਚਾ ਦਿਓ ਜੇ ਤੁਸੀਂ **ਨਹੀਂ** ਚਾਹੁੰਦੇ ਕਿ ਤੁਹਾਡਾ ਬੱਚਾ ਹਿੱਸਾ ਲਵੇ।

☐ ਮੈਂ ਆਪਣੇ ਬੱਚੇ [ਨਾਂ] ______________________________ ਦੁਆਰਾ ਜਨਵਰੀ/ਫਰਵਰੀ ਵਿੱਚ ਹੋਣ ਵਾਲੇ Middle Years Development Instrument (MDI) ਸਰਵੇਖਣ ਵਿੱਚ ਹਿੱਸਾ ਲੈਣ ਲਈ ਸਹਿਮਤ **ਨਹੀਂ** ਹਾਂ।

ਮਾਤਾ/ਪਿਤਾ/ਨਿਗਰਾਨ ਦਾ ਨਾਂ: _________________________ ਮਿਤੀ:______________________

ਸਕੂਲ: ______________________________________ ਟੀਚਰ: ______________________